# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times | 01 ਮਈ 2024 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਕੈਨੇਡਾ ਦੇ ਪ੍ਰਸਿੱਧ ਰੇਡੀਓ ਪੇਸ਼ਕਾਰ ਹਰਜਿੰਦਰ ਥਿੰਦ ਨੂੰ ਸ. ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਪ੍ਰਦਾਨ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾः 1 ਮਈ ; ਪਿਛਲੇ 40 ਸਾਲ ਤੋਂ ਕੈਨੇਡਾ ਵਿੱਚ ਰੇਡੀਓ ਪ੍ਰਸਾਰਨ ਦੇ ਪ੍ਰਮੁੱਖ ਪੇਸ਼ਕਾਰ ਹਰਜਿੰਦਰ ਥਿੰਦ ਨੂੰ ਅੱਜ ਗੁਰਦੇਵ ਨਗਰ ਵਿਖੇ ਸ. ਜਗਦੇਵ ਸਿੰਘ ਜੱਸੋਵਾਲ ਦੇ ਜਨਮ ਦਿਨ ਸਮਾਰੋਹ ਮੌਕੇ ਸ. ਜਗਦੇਵ ਸਿੰਘ ਜੱਸੋਵਾਲ ਯਾਦਗਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਪ੍ਰਦਾਨ ਕਰਨ ਦੀ ਰਸਮ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਦੇ ਪ੍ਰਧਾਨ ਰਾਜੀਵ ਕੁਮਾਰ ਲਵਲੀ, ਅਮਰਿੰਦਰ ਸਿੰਘ ਜੱਸੋਵਾਲ ਜਨਰਲ ਸਕੱਤਰ,ਸਰਪ੍ਰਸਤਾਂ ਸ. ਪਰਗਟ ਸਿੰਘ ਗਰੇਵਾਲ, ਸਾਬਕਾ ਮੰਤਰੀ ਮਲਕੀਤ ਸਿੰਘ ਦਾਖਾ, ਕ੍ਰਿਸ਼ਨ ਕੁਮਾਰ ਬਾਵਾ, ਪ੍ਰੋ. ਗੁਰਭਜਨ ਸਿੰਘ ਗਿੱਲ, ਰਘੁਬੀਰ ਸਿੰਘ ਘੁੰਨ(ਹਿਊਸਟਨ) ਅਮਰੀਕਾ, ਸੱਭਿਆਚਾਰਕ ਸੱਥ ਦੇ ਚੇਅਰਮੈਨ ਸ. ਜਸਮੇਰ ਸਿੰਘ ਢੱਟ ਤੇ ਜੋਗਿੰਦਰ ਸਿੰਘ ਜੰਗੀ



ਸਮਾਜਕ ਆਗੂ ਨੇ ਨਿਭਾਈ।

ਸ. ਹਰਜਿੰਦਰ ਸਿੰਘ ਥਿੰਦ ਬਾਰੇ ਜਾਣਕਾਰੀ ਦੇਂਦਿਆਂ ਪ੍ਰੋ. ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਹਰਜਿੰਦਰ ਸਾਡਾ ਸਮਕਾਲੀ ਵਿਦਿਆਰਥੀ ਹੈ ਅਤੇ ਅਸੀਂ ਸਾਰੇ ਇੱਕੋ ਸਮੇਂ ਗੌਰਮਿੰਟ ਕਾਲਿਜ ਵਿੱਚ ਪੜ੍ਹਦੇ ਰਹੇ ਹਾਂ। ਪੰਜਾਬੀ ਕਵੀ ਜਰਨੈਲ ਸਿੰਘ ਅਰਸ਼ੀ ਦੇ ਪਿੰਡ ਰਛੀਨ (ਨੇੜੇ ਅਹਿਮਦਗੜ੍ਹ ਮੰਡੀ) ਦਾ ਜੰਮਪਲ ਹਰਜਿੰਦਰ ਥਿੰਦ ਬਲਵੰਤ ਗਾਰਗੀ ਦੀ ਦਾ ਐੱਮ ਏ ਥੀਏਟਰ ਵਿੱਚ ਵਿਦਿਆਰਥੀ ਰਿਹਾ ਹੈ ਅਤੇ 1976 ਵਿੱਚ ਉਸ ਨੇ ਅੰਮ੍ਰਿਤਾ ਪ੍ਰੀਤਮ ਜੀ ਦੀ ਨਸ਼ਿਆਂ ਵਿਰੁੱਧ ਲਿਖੀ ਕਹਾਣੀ ਆਧਾਰਿਤ ਲਘੂ ਫਿਲਮ “ਕਾਲਾ ਸੂਰਜ” ਵਿੱਚ ਵੀ ਹੀਰੋ ਦੀ ਭੂਮਿਕਾ ਨਿਭਾਈ ਸੀ। ਕੈਨੇਡਾ ਜਾ ਕੇ ਉਸ ਨੇ ਰੇਡੀਉ ਪ੍ਰਸਾਰਨ ਨੂੰ ਅਪਣਾਇਆ ਤੇ ਬੁਲੰਦੀਆਂ ਤੇ ਪਹੁੰਚਾਇਆ। ਅੱਜ ਉਸ ਦਾ ਨਾਮ ਘਰ ਘਰ ਦੀ ਕਹਾਣੀ ਹੈ। ਰਹਭਜਨ ਮਾਨ ਦੀ ਫਿਲਮ “ਅਸਾਂ ਨੂੰ ਮਾਣ ਵਤਨਾਂ ਦਾ” ਵਿੱਚ ਵੀ ਉਸ ਦੀ ਅਦਾਕਾਰੀ ਸਲਾਹੀ ਗਈ।

ਕ੍ਰਿਸ਼ਨ ਕੁਮਾਰ ਬਾਵਾ, ਪਰਗਟ ਸਿੰਘ ਗਰੇਵਾਲ ਤੇ ਮਲਕੀਤ ਸਿੰਘ ਦਾਖਾ ਨੇ ਵੀ ਹਰਜਿੰਦਰ ਥਿੰਦ ਨੂੰ ਬਦੇਸ਼ਾਂ ਵਿੱਚ ਪੰਜਾਬ ਦਾ ਸਭਿਆਚਾਰਕ ਦੂਤ ਵਜੋਂ ਸਲਾਹੁਤਾ ਕੀਤੀ। ਰਘੁਬੀਰ ਸਿੰਘ ਘੁੰਨ ਨੇ ਥਿੰਦ ਨੂੰ ਮਿਸ਼ਰੀ ਨਾਲੋਂ ਮਿੱਠੇ ਅੰਦਾਜ਼ ਨੂੰ ਲੰਮਾ ਸਮਾਂ ਨਿਭਾਉਣ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਫਾਉਂਡੇਸ਼ਨ ਨੂੰ ਹਰ ਸਾਲ ਇਹ ਪੁਰਸਕਾਰ ਉਨ੍ਹਾਂ ਦੇ ਜਨਮ ਦਿਨ ਤੇ ਕੌਮੀ ਤੇ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਲਾਕਾਰਾਂ, ਬੁੱਧੀਜੀਵੀਆਂ ਤੇ ਲੇਖਕਾਂ ਨੂੰ ਦੇਣਾ ਚਾਹੀਦਾ ਹੈ। ਉਨ੍ਹਾਂ ਸ. ਜੱਸੋਵਾਲ ਤੇ ਉਨ੍ਹਾਂ ਦੇ ਨਿੱਕੇ ਵੀਰ ਇੰਦਰਜੀਤ ਸਿੰਘ ਗਰੇਵਾਲ ਨਾਲ ਬਿਤਾਏ ਪਲਾਂ ਦੀਆਂ ਕਈ ਗੱਲਾਂ ਸਾਂਝੀਆਂ ਕੀਤੀਆਂ।

ਧੰਨਵਾਦ ਕਰਦਿਆਂ ਹਰਜਿੰਦਰ ਸਿੰਘ ਥਿੰਦ ਨੇ ਕਿਹਾ ਕਿ ਸ. ਜਗਦੇਵ ਸਿੰਘ ਜੱਸੋਵਾਲ ਲਿਆਕਤਵਾਨ ਸਿਆਸਤਦਾਨ, ਸਭਿਆਚਾਰਕ ਹਸਤੀ ਤੇ ਦੂਰਦ੍ਰਿਸ਼ਟੀਵਾਨ ਇਨਸਾਨ ਸਨ। ਉਨ੍ਹਾਂ ਸਿਰਫ਼ ਪੰਜਾਬ ਵਿੱਚ ਹੀ 1978 ਤੋਂ ਮੋਹਨ ਸਿੰਘ ਮੇਲਾ ਨਹੀਂ ਸੀ ਆਰੰਭਿਆ ਸਗੋਂ ਸਰੀ (ਕੈਨੇਡਾ ਵਿੱਚ ਵੀ ਸਾਨੂੰ ਸਭ ਨੂੰ ਥਾਪੜਾ ਦੇ ਕੇ ਸਾਹਿਬ ਸਿੰਘ ਥਿੰਦ ਦੀ ਅਗਵਾਈ ਹੇਠ ਪ੍ਰੋ. ਮੋਹਨ ਸਿੰਘ ਮੈਮੋਰੀਅਲ ਫਾਉਂਡੇਸ਼ਨ ਸਥਾਪਿਤ ਕਰਕੇ “ਗਦਰੀ ਬਾਬਿਆਂ ਦਾ ਮੇਲਾ” ਲਹਿਰ ਵਾਂਗ ਸ਼ੁਰੂ ਕੀਤਾ। ਇਸ ਤੋਂ ਬਾਦ ਪੂਰੇ ਕੈਨੇਡਾ ਤੇ ਅਮਰੀਕਾ ਵਿੱਚ ਮੇਲਿਆਂ ਦੀ ਲਹਿਰ ਸ਼ੁਰੂ ਹੋ ਗਈ। ਉਨ੍ਹਾਂ ਕਿਹਾ ਕਿ ਮੋਹਨ ਸਿੰਘ ਫਾਉਂਡੇਸ਼ਨ ਵੱਲੋਂ ਮਿਲੀ ਦਸਤਾਰ ਮੈਨੂੰ ਹਰ ਵੇਲੇ ਵੱਡੀ ਜ਼ੁੰਮੇਵਾਰੀ ਦਾ ਅਹਿਸਾਸ ਦਿਵਾਉਂਦੀ ਰਹੇਗੀ। ਸ. ਜਗਦੇਵ ਸਿੰਘ ਜੱਸੋਵਾਲ ਜੀ ਦੇ ਪੋਤਰੇ ਅਮਰਿੰਦਰ ਸਿੰਘ ਜੱਸੋਵਾਲ ਨੇ ਆਏ ਮਹਿਮਾਨਾਂ ਦਾ ਸ਼ੁਕਰਾਨਾ ਕੀਤਾ।

## ਡਾ. ਸਰਬਜੀਤ ਸੋਹਲ ਦਾ ਕਹਾਣੀ ਸੰਗ੍ਰਹਿ 'ਮੈਨੂੰ ਬੰਦਾ ਪਸੰਦ ਏ' ਹੋਇਆ ਲੋਕ-ਅਰਪਣ

### ਮਸ਼ੀਨੀ ਯੁੱਗ ਵਿੱਚ ਦਿਲ ਦੀ ਗੱਲ ਕਰਨੀ ਲਾਜ਼ਮੀ ਹੈ: ਡਾ. ਗਰੇਵਾਲ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ

ਚੰਡੀਗੜ੍ਹ, 1 ਮਈ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਵੱਲੋਂ ਪੰਜਾਬ ਕਲਾ ਭਵਨ ਸੈਕਟਰ 16 ਚੰਡੀਗੜ੍ਹ ਵਿਖੇ ਉੱਘੀ ਲੇਖਿਕਾ ਡਾ. ਸਰਬਜੀਤ ਕੌਰ ਸੋਹਲ ਦਾ ਨਵਾਂ ਕਹਾਣੀ ਸੰਗ੍ਰਹਿ 'ਮੈਨੂੰ ਬੰਦਾ ਪਸੰਦ ਏ' ਲੋਕ ਅਰਪਿਤ ਹੋਇਆ ਜਿਸ ਤੇ ਵਿਚਾਰ ਚਰਚਾ ਵੀ ਕੀਤੀ ਗਈ। ਡਾ. ਸੋਹਲ ਹੁਣ ਤੱਕ 33 ਕਿਤਾਬਾਂ ਲਿੱਖ ਚੁੱਕੇ ਹਨ ਪੰਜਾਬੀ ਵਿੱਚ ਕਹਾਣੀਆਂ ਦੀ ਇਹ ਦੂਜੀ ਕਿਤਾਬ ਹੈ। ਇਸ ਵਿੱਚ 11 ਕਹਾਣੀਆਂ ਹਨ ਜਿਹਨਾਂ ਵਿੱਚ ਔਰਤ-ਮਰਦ ਦੀ ਸਹਿ ਹੋਂਦ ਤੇ ਆਪਸੀ ਰਿਸ਼ਤਿਆਂ ਦੇ ਤਾਣੇ ਬਾਣੇ ਬਾਰੇ ਖੁਲ੍ਹ ਕੇ ਗੱਲ ਹੁੰਦੀ ਹੈ। ਕਿਤਾਬ ਦੇ ਰਿਲੀਜ਼ ਸਮਾਰੋਹ ਵਿੱਚ ਡਾ. ਰਵੇਲ ਸਿੰਘ, ਡਾ. ਅਮਰਜੀਤ ਸਿੰਘ ਗਰੇਵਾਲ, ਡਾ. ਪਰਵੀਨ ਸ਼ੇਰੋਂ, ਲੇਖਿਕਾ ਡਾ. ਸਰਬਜੀਤ ਕੌਰ ਸੋਹਲ, ਡਾ. ਕੁਲਦੀਪ ਸਿੰਘ ਦੀਪ, ਡਾ. ਅਮਰਜੀਤ ਸਿੰਘ, ਡਾ.




ਸਾਹਿਬ ਸਿੰਘ, ਡਾ. ਪਿਆਰਾ ਲਾਲ ਗਰਗ, ਬਲਕਾਰ ਸਿੱਧੂ ਅਤੇ ਭੁਪਿੰਦਰ ਸਿੰਘ ਮਲਿਕ ਨੇ ਸ਼ਿਰਕਤ ਕੀਤੀ। ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਬਲਕਾਰ ਸਿੱਧੂ ਨੇ ਕਿਹਾ ਕਿ ਸੰਵੇਦਨਸ਼ੀਲ ਮਨ ਦੀ ਜਰਖੇਜ਼ ਭੋਇੰ ਤੇ ਸਾਹਿਤ ਦੇ ਵੰਨ ਸੁਵੰਨੇ ਰੂਪ ਜਨਮ ਲੈਂਦੇ ਹਨ। ਭੁਪਿੰਦਰ ਸਿੰਘ ਮਲਿਕ ਨੇ ਕਿਹਾ ਕਿ ਮਨ-ਜਿਸਮ ਤੇ ਜਿਨਸੀ ਰਿਸ਼ਤਿਆਂ ਦਾ ਆਪਣਾ ਇੱਕ ਸੱਚ ਹੈ ਜਿਸ ਨੂੰ ਲੇਖਿਕਾ ਨੇ ਸੰਜੀਦਗੀ ਨਾਲ ਬਿਆਨ ਕੀਤਾ ਹੈ। ਚਿੰਤਕ ਤੇ ਸਕਾਲਰ ਡਾ. ਪ੍ਰਵੀਨ ਸ਼ੇਰੋਂ ਨੇ ਆਖਿਆ ਕਿ ਸਰਬਜੀਤ ਸੋਹਲ ਨੇ ਨਾਰੀ ਦੀ ਮਰਦ ਸਮਾਨ ਹੋਂਦ ਤੇ ਹੱਕਾਂ ਦਾ ਇਕ ਨਵਾਂ ਪਸਾਰ ਜੋੜਿਆ ਹੈ। ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਸੋਹਲ ਇਕ ਚੇਤਨ ਕਥਾਕਾਰਾ ਹੈ। ਸੁਰਜੀਤ ਸਿੰਘ ਧੀਰ ਨੇ ਸਰਬਜੀਤ ਸੋਹਲ ਦੇ ਕਾਵਿ ਸੰਗ੍ਰਹਿ 'ਕਿਣਕਾ-ਕਿਣਕਾ ਹਿੰਸਾ' 'ਚੋਂ ਇਕ ਕਵਿਤਾ ਤਰੰਨਮ 'ਚ ਸੁਣਾਈ।ਰੰਗਕਰਮੀ ਡਾ. ਸਾਹਿਬ ਸਿੰਘ ਨੇ ਕਿਹਾ ਕਿ ਔਰਤ ਮਰਦ ਦੇ ਸਬੰਧਾਂ ਵਿਚ ਕੁਝ ਵੀ ਅਸੁਭਾਵਿਕ ਜਾਂ ਅਸਾਧਾਰਨ ਨਹੀਂ ਹੁੰਦਾ। ਡਾ. ਰਵਿੰਦਰ ਢਿੱਲੋਂ ਨੇ ਇਸ ਕਹਾਣੀ ਸੰਗ੍ਰਹਿ ਨੂੰ ਆਪਣੇ ਆਪ ਵਿਚ ਵਿਲੱਖਣ ਦੱਸਿਆ।ਪੰਜਾਬ ਯੂਨੀਵਰਸਿਟੀ ਦੇ ਡਾ. ਰਾਜੇਸ਼ ਨੇ ਸੋਹਲ ਦੀ ਲੇਖਣੀ ਦੇ ਮਿਆਰ ਨੂੰ ਬਹੁਤ ਵੱਡੇ ਬੌਧਿਕ ਪੱਧਰ ਦਾ ਦੱਸਿਆ।ਪ੍ਰਸਿੱਧ ਨਾਟਕਕਾਰ, ਅਧਿਆਪਕ ਅਤੇ ਆਲੋਚਕ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ ਕਿ ਸਰਬਜੀਤ ਕੌਰ ਸੋਹਲ ਸੰਵੇਦਨਸ਼ੀਲ ਹੋਣ ਦੇ ਨਾਲ-ਨਾਲ ਅਜਿਹੀ ਤੇਜ਼ ਦ੍ਰਿਸ਼ਟੀ ਵੀ ਰੱਖਦੀ ਹੈ ਜਿਹੜੀ ਮਨੁੱਖੀ ਮਨ ਅਤੇ ਉਸ ਦੇ ਵਿਹਾਰ ਦੇ ਆਂਤਰਿਕ ਤੇ ਅਣਦਿਸਦੇ ਦਬਾਅ-ਦਵੰਦ ਤੇ ਡਰ ਤੱਕ ਰਸਾਈ ਕਰਦੀ ਹੋਈ ਉਸ ਨੂੰ ਕਥਾ ਦੇ ਕਲਾਤਮਿਕ ਬਿੰਬਾਂ ਰਾਹੀਂ ਸੰਚਾਰਿਤ ਕਰਨ ਦੇ ਸਮਰੱਥ ਹੈ। ਡਾ. ਸਰਬਜੀਤ ਕੌਰ ਸੋਹਲ ਨੇ ਕਿਹਾ ਕਿ ਮਨੁੱਖ ਦਾ ਜਨਮ ਨਾ ਦੁੱਖ ਦੇਣ ਲਈ ਅਤੇ ਨਾ ਹੀ ਦੁੱਖ ਸਹਿਣ ਲਈ ਹੋਇਆ ਸਗੋਂ ਅਸਲ ਗੱਲ ਤਾਂ ਸਹਿ-ਹੋਂਦ ਦੀ ਹੈ।ਮੁੱਖ ਮਹਿਮਾਨ ਡਾ. ਰਵੇਲ ਸਿੰਘ ਨੇ ਕ਼ਿਹਾ ਕਿ ਆਸੇ ਪਾਸੇ ਵਾਪਰ ਰਹੀਆਂ ਘਟਨਾਵਾਂ ਹੀ ਲੇਖਿਕਾ ਦੀਆਂ ਕਹਾਣੀਆਂ ਦੀ ਬੁਨਿਆਦ ਹੁੰਦੀ ਆਂ ਹਨ। ਡਾ. ਅਮਰਜੀਤ ਸਿੰਘ ਗਰੇਵਾਲ ਨੇ ਕਹਾਣੀਆਂ ਦੀ ਸਿਫਤ ਕਰਦਿਆਂ ਕਿਹਾ ਕਿ ਮਸ਼ੀਨੀ ਯੁੱਗ ਵਿੱਚ ਦਿਲ ਦੀ ਗੱਲ ਕਰਨੀ ਲਾਜ਼ਮੀ ਹੈ।ਧੰਨਵਾਦ ਕਰਦਿਆਂ ਗੁਰਨਾਮ ਕੰਵਰ ਨੇ ਕਿਹਾ ਕਿ ਸਮਾਜ ਦੇ ਵਰਤਾਰੇ ਨਰੋਏ ਸਾਹਿਤ ਦੀ ਸਿਰਜਣਾ ਦਾ ਆਧਾਰ ਬਣਦੇ ਹਨ।ਭਰਵੇਂ ਸਮਾਗਮ ਵਿਚ ਹੋਰਨਾਂ ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਤੇ ਚਿੰਤਕਾਂ ਵਿਚ ਵਰਿੰਦਰ ਸਿੰਘ ਚੱਠਾ, ਮਨਜੀਤ ਕੌਰ ਮੀਤ, ਹਰਮਿੰਦਰ ਕਾਲੜਾ, ਸਰਦਾਰਾ ਸਿੰਘ ਚੀਮਾ, ਸੁਖਵਿੰਦਰ ਕੌਰ, ਚੰਚਲ ਸਿੰਘ, ਕੁਲਵੰਤ ਕੌਰ, ਆਸ਼ਾ ਸ਼ਰਮਾ, ਪਾਲ ਅਜਨਬੀ, ਪਰਮਜੀਤ ਮਾਨ ਬਰਨਾਲਾ, ਸਵਰਨਜੀਤ ਸਵੀ, ਅਰਵਿੰਦਰ ਢਿੱਲੋਂ, ਡਾ. ਹਰਬੰਸ ਕੌਰ ਗਿੱਲ, ਡਾ. ਗੁਰਦੇਵ ਸਿੰਘ ਗਿੱਲ, ਬਲਕਾਰ ਕੌਰ, ਮਨਦੀਪ ਕੌਰ, ਪ੍ਰਵੀਨ ਕੁਮਾਰ, ਤਰਸੇਮ ਰਾਜ, ਗੁਰਦੇਵ ਸਿੰਘ, ਦਵਿੰਦਰ ਸਿੰਘ, ਸੁਖਵਿੰਦਰ ਸਿੰਘ ਸਿੱਧੂ, ਕੁਲਵੀਰ ਕੌਰ, ਹਰਦੀਪ ਕੌਰ, ਜੋਗਿੰਦਰ ਸਿੰਘ, ਗੁਰਦਰਸ਼ਨ ਸਿੰਘ ਮਾਵੀ, ਬਲਵਿੰਦਰ ਸਿੰਘ ਢਿੱਲੋਂ, ਹਰਜਾਪ ਸਿੰਘ ਔਜਲਾ, ਕਿਰਨ ਬੇਦੀ, ਡਾ. ਸੁਰਿੰਦਰ ਗਿੱਲ, ਅਸ਼ੋਕ ਨਾਦਿਰ, ਰਾਣੀ ਸੁਮਨ, ਗੁਰਪ੍ਰੀਤ ਸਿੰਘ, ਸਿਮਰਜੀਤ ਸਿੰਘ, ਮੋਹਿਤ ਸ਼ਰਮਾ, ਧਿਆਨ ਸਿੰਘ ਕਾਹਲੋਂ, ਪ੍ਰੋ. ਦਿਲਬਾਗ ਸਿੰਘ, ਸ਼ਾਇਰ ਭੱਟੀ, ਸੰਜੀਵਨ ਸਿੰਘ, ਸਿਰੀ ਰਾਮ ਅਰਸ਼, ਅਤੈ ਸਿੰਘ, ਡਾ. ਮਨਜੀਤ ਸਿੰਘ, ਬਬਿਤ ਕੁਮਾਰ, ਪਿਆਰਾ ਸਿੰਘ ਰਾਹੀ, ਡਾ. ਤੇਜਿੰਦਰ ਸਿੰਘ, ਦੀਪਤੀ ਬਬੂਟਾ, ਰਿਆਜ਼ਾ ਬਬੂਟਾ, ਸਰਬਜੀਤ ਸਿੰਘ, ਗਗਨਦੀਪ ਸਿੰਘ ਢਿੱਲੋਂ, ਭੁਪਿੰਦਰ ਕੌਰ ਮਾਨ ਮੁਕਤਸਰੀ, ਦਲਜੀਤ ਕੌਰ ਦਾਊਂ, ਮਨਮੋਹਨ ਸਿੰਘ ਦਾਊਂ, ਗੁਰਚਰਨ ਸਿੰਘ, ਡਾ. ਅਮਰਦੀਪ ਕੌਰ, ਪਰਮਿੰਦਰ ਸਿੰਘ ਮਦਾਨ, ਗੁਰਮੀਤ ਸਿੰਘ, ਹਰਬੰਸ ਸੋਢੀ, ਗੁਰਮੀਤ, ਰਜੇਸ਼ ਕੁਮਾਰ ਜਸਵਾਲ, ਅਜਾਇਬ ਸਿੰਘ ਔਜਲਾ, ਚਰਨਜੀਤ ਸਿੰਘ ਕਲੇਰ, ਨੀਰਜ ਕੁਮਾਰ ਪਾਂਡੇ, ਦਵਿੰਦਰ ਦਮਨ, ਅੰਮ੍ਰਿਤਪਾਲ ਸਿੰਘ, ਗੁਰਿੰਦਰ ਮਕਨਾ, ਸ਼ੀਨੂ ਵਾਲੀਆ, ਵਿਸ਼ਾਲ ਭੂਸ਼ਨ, ਸ਼ੀਨਾ, ਏਕਤਾ, ਸਤਪਾਲ ਭੀਖੀ, ਡਾ.ਮਨਜੀਤ ਸਿੰਘ ਬੱਲ, ਇੰਦਰਜੀਤ ਕੌਰ ਬੱਲ, ਸ਼ਮਸ਼ੀਲ ਸਿੰਘ ਸੋਢੀ ਅਤੇ ਇੰਦਰਜੀਤ ਪਰੇਮੀ ਆਦਿ ਸ਼ਾਮਲ ਸਨ।

## ਵੈਨਕੂਵਰ ਵਿਚਾਰ ਮੰਚ ਵੱਲੋਂ ਸਰੀ ਵਿਚ ਕਰਵਾਇਆ ਵਿਸਾਖੀ ਨੂੰ ਸਮਰਪਿਤ ਕਵੀ ਦਰਬਾਰ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 1 ਮਈ- ਬੀਤੇ ਐਤਵਾਰ ਵੈਨਕੂਵਰ ਵਿਚਾਰ ਮੰਚ ਵੱਲੋਂਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਸਹਿਯੋਗ ਨਾਲ ਵਿਸਾਖੀ ਨੂੰ ਸਮਰਪਿਤ ਸਾਲਾਨਾ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿਚ ਸਰੀ, ਕੋਕੁਇਟਲਮ, ਵੈਨਕੂਵਰ ਦੇ ਉੱਘੇ ਕਵੀਆਂ ਨੇ ਵਿਸਾਖੀ, ਸਮਾਜ, ਦੇਸ਼-ਵਿਦੇਸ਼ ਦੇ ਅਨੇਕਾਂ ਰੰਗ ਆਪਣੀਆਂ ਵੱਖ ਵੱਖ ਕਾਵਿ-ਰਚਨਾਵਾਂ ਰਾਹੀਂ ਪੇਸ਼ ਕੀਤੇ।

ਕਵੀ ਦਰਬਾਰ ਦੇ ਆਗਾਜ਼ ਵਿਚ ਮੰਚ ਵੱਲੋਂ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਸ਼ਾਇਰ ਮੋਹਨਜੀਤ ਅਤੇ ਵਿਜੇ ਮਿਊਜ਼ਿਕ ਅਕੈਡਮੀ ਦੇ ਵਿਜੇ ਕੁਮਾਰ ਦੀ ਮੌਤ ਉਪਰ ਦੁੱਖ ਦਾ ਪ੍ਰਗਟਾਵਾ ਕਰਦਿਆਂ ਵਿਛੜੀਆਂ ਸ਼ਖ਼ਸੀਅਤਾਂ ਨੂੰ ਮੋਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ।




ਉਪਰੰਤ ਮੰਚ ਦੇ ਸਰਪ੍ਰਸਤ ਜਰਨੈਲ ਸਿੰਘ ਸੇਖਾ ਨੇ ਸਭਨਾਂ ਨੂੰ ਜੀ ਆਇਆਂ ਕਿਹਾ ਅਤੇ ਉਨ੍ਹਾਂ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਧਰਮ, ਸਮਾਜ ਅਤੇ ਸਾਹਿਤ ਵਿਚ ਵਿਸਾਖੀ ਦੀ ਮਹੱਤਤਾ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਵਿਸਾਖੀ ਪੰਜਾਬੀਆਂ ਦੀ ਖੁਸ਼ੀ ਅਤੇ ਖੁਸ਼ਹਾਲੀ ਦਾ ਤਿਓਹਾਰ ਹੈ। ਉਨ੍ਹਾਂ ਮਰਹੂਮ ਸ਼ਾਇਰ ਧਨੀ ਰਾਮ ਚਾਤ੍ਰਿਕ ਵੱਲੋਂ ਵਿਸਾਖੀ ਦੀ ਕਾਵਿਕ ਤਸਵੀਰ ਰਾਹੀਂ ਪੰਜਾਬੀਆਂ ਦੇ ਵਿਸਾਖੀ ਨਾਲ ਜੁੜੇ ਜਜ਼ਬਾਤ ਦੀ ਗੱਲ ਕੀਤੀ।

ਕਵੀ ਦਰਬਾਰ ਦਾ ਆਗਾਜ਼ ਬਿੱਲਾ ਤੱਖੜ ਅਤੇ ਗੁਰਨਾਮ ਥਾਂਦੀ ਦੀ ਸਾਰੰਗੀ ਦੇ ਸੁਰਾਂ ਨਾਲ ਹੋਇਆ ਅਤੇ ਉਨ੍ਹਾਂ ਆਪਣੇ ਸੁਰੀਲੇ ਸੁਰਾਂ ਵਿਚ ਕਵੀਸ਼ਰੀ ਪੇਸ਼ ਕੀਤੀ। ਫਿਰ ਦਵਿੰਦਰ ਕੌਰ ਜੌਹਲ, ਪਰਮਿੰਦਰ ਸਵੈਚ, ਗੁਰਮੀਤ ਸਿੰਘ ਸਿੱਧੂ, ਬਲਰਾਜ ਬਾਸੀ, ਇੰਦਰਜੀਤ ਧਾਮੀ, ਬਿੰਦੂ ਮਠਾੜੂ, ਗੁਰਦਰਸ਼ਨ ਬਾਦਲ, ਮਹਿੰਦਰਪਾਲ ਸਿੰਘ ਪਾਲ, ਦਵਿੰਦਰ ਗੌਤਮ, ਜਗਜੀਤ ਸੰਧੂ, ਨਰਿੰਦਰ ਬਾਈਆ, ਰਾਜਵੰਤ ਰਾਜ, ਮੀਨੂੰ ਬਾਵਾ, ਅਸ਼ੋਕ ਭਾਰਗਵਾ, ਮਸਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਆਪਣੀਆਂ ਕਾਵਿ ਰਚਨਾਵਾਂ ਰਾਹੀਂ ਖ਼ੂਬ ਰੰਗ ਬੰਨ੍ਹਿਆਂ। ਕਵੀ ਦਰਬਾਰ ਦੀ ਸਮਾਪਤੀ ਚਮਕੌਰ ਸਿੰਘ ਸੇਖੋਂ ਵੱਲੋਂ ਪੇਸ਼ ਕੀਤੀ ਕਵੀਸ਼ਰੀ ਨਾਲ ਹੋਈ।

ਅੰਤ ਵਿਚ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਾਰੇ ਕਵੀਆਂ ਦਾ ਧੰਨਵਾਦ ਕੀਤਾ ਅਤੇ ਸਭ ਨੂੰ ਵਿਸਾਖੀ ਦੀ ਵਧਾਈ ਦਿੱਤੀ। ਕਵੀ ਦਰਬਾਰ ਦਾ ਸੰਚਾਲਨ ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਬਾਖੂਬੀ ਕੀਤਾ।

## ਪ੍ਰਭ ਆਸਰਾ ਪਡਿਆਲਾ ਵਿਖੇ ਬਿਜਲੀ ਸਪਲਾਈ ਬਹਾਲ ਹੋਣ ਉਪਰੰਤ ਜਥੇਬੰਦੀਆਂ ਦੇ ਧੰਨਵਾਦ ਲਈ ਕੀਤਾ ਸਮਾਗਮ

ਵਰਲਡ ਪੰਜਾਬੀ ਟਾਈਮਜ਼
ਗੁਰਬਿੰਦਰ ਸਿੰਘ ਰੋਮੀ

ਕੁਰਾਲੀ, 1 ਮਈ : ਬੇਸਹਾਰਾ ਤੇ ਲਾਵਾਰਿਸ ਨਾਗਰਿਕਾਂ ਦੀ ਸੇਵਾ-ਸੰਭਾਲ ਕਰ ਰਹੀ ਸੰਸਥਾ ਪ੍ਰਭ ਆਸਰਾ ਪਡਿਆਲਾ ਵੱਲੋਂ ਬਿਜਲੀ ਦਾ ਕੱਟਿਆ ਕੁਨੈਕਸ਼ਨ ਦੁਬਾਰਾ ਲਗਾਉਣ ‘ਤੇ ਸਹਿਯੋਗੀ ਸੱਜਣਾਂ ਅਤੇ ਸਮੁੱਚੀਆਂ ਜਥੇਬੰਦੀਆਂ ਨੂੰ ਵਿਸ਼ੇਸ਼ ਤੌਰ ‘ਤੇ ਸੱਦ ਕੇ ਧੰਨਵਾਦ ਕੀਤਾ ਅਤੇ ਇੱਥੋਂ ਦੇ ਬੱਚਿਆਂ ਨੇ ਮੁੱਖ ਸੜਕ ‘ਤੇ ਮਨੁੱਖੀ ਜੰਜ਼ੀਰ ਬਣਾ ਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ





ਕੀਤਾ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਜੀ ਨੇ ਕਿਹਾ ਕਿ ਵਿਭਾਗ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਕੱਟੇ ਬਿਜਲੀ ਕਨੈਕਸ਼ਨ ਕਾਰਨ ਪੀੜਤ ਨਾਗਰਿਕਾਂ ਨੂੰ ਭਾਰੀ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਜਿਸ ਬਾਰੇ ਕੋਈ ਸੁਣਵਾਈ ਨਹੀਂ ਹੋ ਰਹੀ ਸੀ ਤਾਂ ਆਪ ਸਾਰਿਆਂ ਵੱਲੋਂ ਮਿਲ ਕੇ ਕੀਤੇ ਸੰਘਰਸ਼ ਸਦਕਾ ਮੌਜੂਦਾ ਸਰਕਾਰ ਨੇ ਬਿਜਲੀ ਦੀ ਸਮੱਸਿਆ ਦਾ ਹੱਲ ਕਰ ਦਿੱਤਾ ਅਤੇ ਪੀੜਤ ਨਾਗਰਿਕਾਂ ਲਈ ਵੀ ਮੁਫ਼ਤ ਬਿਜਲੀ ਸਹੂਲਤ ਬਾਰੇ ਨਵੀਂ ਪਾਲਿਸੀ ਬਣਾਉਣ ਦਾ ਭਰੋਸਾ ਦਿੱਤਾ। ਜਿਸ ਲਈ ਸੰਸਥਾ ਵੱਲੋਂ ਸਰਕਾਰ ਦਾ ਵੀ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਮਾਨਸਿਕ ਪਰੇਸ਼ਾਨ, ਲਾਚਾਰ ਅਤੇ ਲਾਵਾਰਸ ਨਾਗਰਿਕਾਂ ਨੂੰ ਵੀ ਪੁਨਰਵਾਸ ਦਾ ਮੌਕਾ ਮਿਲੇ। ਉਪਰੰਤ ਉਨ੍ਹਾਂ ਹੱਕਾਂ ਲਈ ਆਵਾਜ਼ ਬਣਨ ਵਾਲ਼ੀਆਂ ਸਮੂਹ ਜਥੇਬੰਦੀਆਂ ਅਤੇ ਪੱਤਰਕਾਰ ਭਾਈਚਾਰੇ ਨੂੰ ਸ਼ੁਕਰਾਨਾ ਦੁਹਰਾਉਂਦਿਆਂ ਮਾਨਵਤਾ ਦੀ ਭਲਾਈ ਲਈ ਨਿਰੰਤਰ ਚਲਦੇ ਰਹਿਣ ਦਾ ਅਹਿਦ ਲਿਆ। ਇਸ ਦੌਰਾਨ ਕਿਸਾਨ ਆਗੂ ਪਰਮਿੰਦਰ ਸਿੰਘ ਚਲਾਕੀ, ਦਵਿੰਦਰ ਸਿੰਘ ਬਾਜਵਾ, ਰੇਸ਼ਮ ਸਿੰਘ ਬਡਾਲੀ, ਬਲਵਿੰਦਰ ਸਿੰਘ ਸਕੱਤਰ ਸ਼ੇਰ-ਏ-ਪੰਜਾਬ ਅਕਾਲੀ ਦਲ , ਰਵਿੰਦਰ ਸਿੰਘ ਵਜੀਦਪੁਰ, ਭਾਈ ਹਰਜੀਤ ਸਿੰਘ ਹਰਮਨ, ਬਾਬਾ ਭੁਪਿੰਦਰ ਸਿੰਘ ਮਾਜਰਾ, ਦਲਜੀਤ ਸਿੰਘ ਜੀਤਾ, ਗੁਰਮੀਤ ਸਿੰਘ ਖੂਨੀ ਮਾਜਰਾ, ਗੁਰਚਰਨ ਸਿੰਘ ਢੋਲਣ ਮਾਜਰਾ, ਪਰਮਦੀਪ ਸਿੰਘ ਬੈਦਵਾਣ ਅਤੇ ਕਿਰਪਾਲ ਸਿੰਘ ਸਿਆਊ ਨੇ ਪ੍ਰਭ ਆਸਰਾ ਵੱਲੋਂ ਬੇਸਹਾਰਾ ਤੇ ਲਾਵਾਰਿਸ ਨਾਗਰਿਕਾਂ ਦੇ ਇਲਾਜ, ਸਾਂਭ-ਸੰਭਾਲ ਅਤੇ ਪੁਨਰਵਾਸ ਹਿੱਤ ਨਿਸ਼ਕਾਮ ਉਪਰਾਲਿਆਂ ਦੀ ਭਰਭੂਰ ਸ਼ਲਾਘਾ ਕੀਤੀ। ਇਸ ਮੌਕੇ ਪਰਮਿੰਦਰ ਸਿੰਘ ਗੋਲਡੀ, ਕੁਲਦੀਪ ਸਿੰਘ ਬਦਨਪੁਰ, ਦਰਸ਼ਨ ਸਿੰਘ ਖੇੜਾ, ਬਲਵਿੰਦਰ ਸਿੰਘ, ਗੁਰਵੇਲ ਸਿੰਘ ਮੋਹਾਲੀ, ਕਰਮ ਸਿੰਘ, ਜਸਵੀਰ ਸਿੰਘ ਕਾਦੀਮਾਜਰਾ, ਸੁਰਿੰਦਰ ਸਿੰਘ ਬੁੱਗਾ ਚੈੜੀਆਂ, ਜਰਨੈਲ ਸਿੰਘ ਗੋਸਲਾਂ, ਦਵਿੰਦਰ ਸਿੰਘ ਖਰੜ, ਸੁਖਵਿੰਦਰ ਸਿੰਘ ਸ਼ਾਹਪੁਰ, ਬਹਾਦਰ ਸਿੰਘ ਮਹਿਰੌਲੀ, ਜਰਨੈਲ ਸਿੰਘ ਨਿਮਾਣਾ, ਜਰਨੈਲ ਸਿੰਘ ਕਿਰਤੀ ਕਿਸਾਨ ਮੋਰਚਾ ਆਗੂ ਅਤੇ ਹੋਰ ਪਤਵੰਤੇ ਸੱਜਣਾਂ ਨੇ ਹਾਜ਼ਰੀ ਲਵਾਈ।

## ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਸਮਾਗਮ 5 ਮਈ ਨੂੰ

### ਅਨੋਖ ਸਿੰਘ ਵਿਰਕ ਦੀ ਪੁਸਤਕ ਜੀਵਨ ਦਰਿਆ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼
ਗੁਰਨਾਮ ਸਿੰਘ







ਸੰਗਰੂਰ 1 ਮਈ : ਪੰਜਾਬੀ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਲਈ ਕਾਰਜਸ਼ੀਲ ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਸ਼ਹੀਦਾਂ ਦੇ ਸਿਰਤਾਜ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ, ਪੁਸਤਕ ਲੋਕ ਅਰਪਣ ਤੇ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਜਾ ਰਿਹਾ ਹੈ। ਉਸ ਵਿੱਚ ਸਮਰਥਾਵਾਨ ਸਾਹਿਤਕਾਰ ਅਨੋਖ ਸਿੰਘ ਵਿਰਕ ਦੀ ਪੁਸਤਕ ‘ਜੀਵਨ ਦਰਿਆ* ਲੋਕ ਅਰਪਣ ਹੋਵੇਗੀ। ਇਹ ਪ੍ਰਭਾਵਸ਼ਾਲੀ ਸਾਹਿਤਕ ਸਮਾਗਮ 5 ਮਈ 2024 ਦਿਨ ਐਤਵਾਰ ਨੂੰ ਸਵੇਰੇ 10 ਵਜੇ ਨਿਊ ਪੰਜਾਬੀ ਵਿਰਸਾ ਰੈਸਟੋਰੈਂਟ, ਪਿਛਲੇ ਪਾਸੇ ਮੁੱਖ ਡਾਕਖਾਨਾ ਸੰਗਰੂਰ ਵਿਖੇ ਹੋਵੇਗਾ।

ਇਸ ਸਬੰਧੀ ਸਭਾ ਦੇ ਜਨਰਲ ਸਕੱਤਰ ਗੁਰਨਾਮ ਸਿੰਘ ਵੱਲੋਂ ਜਾਰੀ ਪ੍ਰੈਸ ਨੋਟ ਅਨੁਸਾਰ ਡਾਕਟਰ ਭਗਵੰਤ ਸਿੰਘ ਨੇ ਦੱਸਿਆ ਕਿ ਸਮਾਗਮ ਦੀ ਪ੍ਰਧਾਨਗੀ ਡਾ. ਨਰਵਿੰਦਰ ਸਿੰਘ ਕੌਸ਼ਲ ਸਾਬਕਾ ਡੀਨ ਕਰਨਗੇ। ਮੁੱਖ ਮਹਿਮਾਨ ਸ਼੍ਰੀ ਮਤੀ ਹਰਪ੍ਰੀਤ ਕੌਰ ਡਾਇਰੈਕਟਰ ਭਾਸ਼ਾ ਚਿੰਤਕ ਉਦਘਾਟਨੀ ਸ਼ਬਦ ਕਹਿਣਗੇ। ਮੁੱਖ ਬੁਲਾਰੇ ਡਾ. ਤੇਜਵੰਤ ਮਾਨ ਸਾਹਿਤ ਰਤਨ ਹੋਣਗੇ। ਇਸ ਸਮਾਗਮ ਵਿੱਚ ਕੈਪਟਨ ਚਮਕੌਰ ਚਹਿਲ ਦਾ ਸਨਮਾਨ ਕੀਤਾ ਜਾਵੇਗਾ। ਡਾ. ਜਗਦੀਪ ਕੌਰ ਤੇ ਜੋਗਿੰਦਰ ਕੌਰ ਅਗਨੀਹੋਤਰੀ ਵੱਲੋਂ ਪੇਪਰ ਪੜ੍ਹੇ ਜਾਣਗੇ, ਵਿਦਵਾਨ ਵਿਚਾਰ ਚਰਚਾ *ਚ ਭਾਗ ਲੈਣਗੇ ਤੇ ਸੰਵਾਦ ਰਚਾਉਣਗੇ ਤੇ ਹਾਜਰ ਕਵੀ ਆਪਣੀਆਂ ਕਵਿਤਾਵਾਂ ਸੁਣਾਉਣਗੇ।

## ਮਜ਼ਦੂਰ

ਢਿੱਡ ਵਿੱਚ ਅੰਨ ਦਾ ਦਾਣਾ ਨਹੀਂ,
ਤਨ ਉੱਪਰ ਪੂਰੇ ਕੱਪੜੇ ਨਹੀਂ।
ਹੱਥਾਂ ਵਿੱਚ ਕਿਸਮਤ ਦੀਆਂ ਲਕੀਰਾਂ ਨਹੀਂ,
ਇਨਸਾਨ ਹੈ..ਕੋਹਲੂ ਦਾ ਬੈਲ ਨਹੀਂ,
ਸਾਰਾ ਦਿਨ ਕਾਰ ਕਰਦਾ ਹੈ,
ਫਿਰ ਵੀ ਜੀ-ਜੀ ਕਹਿੰਦਾ ਫਿਰਦਾ ਹੈ, ...
ਐਪਰ ਚਾਲ ਨਿਰੰਤਰ ਚਲਦਾ ਹੈ,
ਮਨ ਵਿੱਚ ਰਤਾ ਵੀ ਹਉਮੈਂ ਨਹੀਂ।
ਦੌਰੇ ਦਿਲ ਦੇ ਕੀ ਹੁੰਦੇ....?
ਬਲੱਡ-ਪ੍ਰੈਸ਼ਰ ਵੱਧਦਾ-ਘੱਟਦਾ ਨਹੀਂ।
ਰੋਜ ਡਾਕਟਰਾ ਦੇ ਵਾੜੇ ਵਿੱਚ,
ਗੋਲ਼ੀਆਂ ਨੀਂਦ ਦੀਆਂ ਲੈਣ ਜਾਂਦਾ ਨਹੀਂ।
ਤੇਰੀਆਂ ਅੱਖਾਂ 'ਚੋਂ ਆਸ ਦਿੱਸਦੀ ਹੈ,
ਤੇਰੇ ਹੋਠਾਂ 'ਤੇ ਮੁਸਕੁਰਾਹਟ ਹੈ,
ਤੂੰ ਕਿਰਤ ਦਾ ਦੇਵਤਾ ਹੈ,
ਕੋਈ ਚੋਰ,ਲੀਡਰ ਜਾਂ ਪਾਖੰਡੀ ਸਾਧੂ ਨਹੀਂ।



ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ

## ਕੌਮਾਂਤਰੀ ਮਜ਼ਦੂਰ ਦਿਵਸ ਮੌਕੇ ਵਿਸ਼ੇਸ਼
### ਮਿੱਟੀ ਨਾਲ਼ ਮਿੱਟੀ ਹੁੰਦੇ ਲੋਕ




ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਭਾਰਤ ਵਿੱਚ ਮਈ ਦਾ ਦਿਹਾੜਾ 1 ਮਈ 1923 ਈ.ਨੂੰ ਚੇਨੱਈ ਵਿਖੇ ਮਨਾਇਆ ਗਿਆ। ਜਿਸ ਨੂੰ ਮਦਰਾਸ ਦਿਵਸ ਵਜੋਂ ਪ੍ਰਵਾਨਿਤ ਕੀਤਾ। ਇਸ ਦਿਨ ਦੀ ਸ਼ੁਰੂਆਤ ਭਾਰਤੀ ਮਜ਼ਦੂਰ ਕਿਸਾਨ ਪਾਰਟੀ ਦੇ ਨੇਤਾ ਕਾਮਰੇਡ ਸਿੰਗਾਰਾਵੇਲੂ ਚੇਟਿਆਰ ਦੁਆਰਾ ਕੀਤੀ ਗਈ। ਭਾਰਤ ਵਿੱਚ ਮਦਰਾਸ ਹਾਈ ਕੋਰਟ ਦੇ ਸਾਹਮਣੇ ਇੱਕ ਵਿਸ਼ਾਲ ਮੁਜ਼ਾਹਰਾ ਕਰਕੇ ਇੱਕ ਮਤਾ ਪਾਸ ਕੀਤਾ ਗਿਆ ਇਸ ਨੂੰ ਕਾਮੇ ਦਿਵਸ ਵਜੋਂ ਮਨਾਇਆ ਜਾਵੇਗਾ। ਅਤੇ ਮਜ਼ਦੂਰ ਵਰਗ ਹੱਕਾਂ ਅਤੇ ਉਸ ਹਾਲਾਤਾਂ ਨੂੰ ਸਾਜ਼ਗਾਰ ਬਣਾਉਣ ਲਈ ਯਤਨਸ਼ੀਲ ਰਹੇਗਾ। ਪਰ ਹਲਾਤ ਅੱਜ ਵੀ ਜਿਉਂ ਦੇ ਤਿਉਂ ਬਣੇ ਹੋਏ ਹਨ।

ਮਿੱਟੀ ਨਾਲ਼ ਮਿੱਟੀ ਜਿੱਥੇ ਹੋਈ ਜਾਂਦੇ ਲੋਕ ਨੇ,

ਨੋਚ -ਨੋਚ ਖਾਂਦੇ ਜਿੱਥੇ ਗਿਰਜਾਂ ਤੇ ਜੋਕ ਨੇ ,

ਉੱਤੋਂ ਵੱਟਦੇ ਨੇ ਬਿਨਾਂ ਗੱਲੋਂ ਘੂਰੀਆਂ,

ਹਏ! ਮਜ਼ਦੂਰਾਂ ਦੀਆਂ ਮਜ਼ਬੂਰੀਆਂ

ਸੱਚ ਮੁੱਚ ਹੀ ਇਹ ਸਥਿਤੀ ਅੱਜ ਜਿਉਂ ਦੀ ਤਿਉਂ ਹੀ ਖੜ੍ਹੀ ਹੈ, ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ ਗਰੀਬ ਦਿਨੋਂ -ਦਿਨ ਹੋਰ ਗਰੀਬ ਹੁੰਦੇ ਜਾ ਰਹੇ ਹਨ ।ਨਾ ਉਨ੍ਹਾਂ ਦੀ ਅਜ਼ਾਦੀ ਤੋਂ ਪਹਿਲਾਂ ਕਿਸੇ ਨੇ ਸਾਰ ਲਈ ਨਾ ਅਜ਼ਾਦੀ ਤੋਂ ਬਾਅਦ ਕਿਸੇ ਨੇ ਇਨ੍ਹਾਂ ਦੀ ਦਸ਼ਾ ਬਾਰੇ ਸੋਚਿਆ। ਹਾਲਾਤ ਇਹ ਨੇ ਕਿ ਅੱਧੀ ਤੋਂ ਜ਼ਿਆਦਾ ਆਬਾਦੀ ਲੋੜੀਂਦੀਆਂ ਸਹੂਲਤਾਂ ਤੋਂ ਵਾਂਝੀ। ਜਿਸ ਕੋਲ ਰਹਿਣ ਨੂੰ ਨਾ ਛੱਤ ਤੇ ਨਾ ਤਨ ਢੱਕਣ ਨੂੰ ਕੱਪੜਾ।

ਸਾਰੇ ਹੀ ਕਾਰੋਬਾਰੀਆਂ, ਕਰਮਚਾਰੀਆਂ, ਨੇਤਾਵਾਂ ਦੇ ਕੰਮ ਧੰਦੇ ਦੇ ਘੰਟੇ ਨਿਸ਼ਚਿਤ ਕੀਤੇ ਗਏ ਹਨ। ਪਰ ਇੱਕ ਮਜ਼ਦੂਰ ਹੈ। ਜਿਸ ਦਾ ਨਾ ਸਮਾਂ ਅਤੇ ਨਾ ਹੀ ਉਜਰਤ ਨਿਸ਼ਚਿਤ ਹੈ।ਹਰ ਕੋਈ ਇਸ ਦਾ ਖੂਨ ਪੀਣ ਨੂੰ ਫਿਰਦਾ ਹੈ। ਪਤਾ ਨਹੀਂ ਕਿਹੜੀ ਮਿਠਾਸ ਹੈ ਇਸ ਦੇ ਖੂਨ ਵਿੱਚ ਜੋ ਹਰ ਕੋਈ ਇਸ ਦੇ ਘੁੱਟ ਭਰਦਾ ਹੈ।ਰਹਿੰਦੀ ਖੂੰਹਦੀ ਕਸਰ ਮਹਿੰਗਾਈ ਨੇ ਕੱਢ ਦਿੱਤੀ

ਜਿਸ ਦਿਨ ਨੂੰ ਵੱਖ ਵੱਖ ਦੇਸ਼ਾਂ ਦੇ ਮਜ਼ਦੂਰਾਂ ਕਿਰਤੀ ਕਾਮਿਆਂ ਨੇ ਆਪਣੇ ਕੰਮ ਅਤੇ ਉਜ਼ਰਤਾਂ ਦੇ ਮੁੱਲ ਸਥਾਪਿਤ ਕਰਨ ਲਈ ਅਤੇ ਕੰਮ ਦੇ ਘੰਟੇ ਨਿਸ਼ਚਿਤ ਕਰਨ ਤੇ ਸ਼ੋਸ਼ਣ ਵਿਰੁੱਧ ਆਵਾਜ਼ ਬੁਲੰਦ ਕੀਤੀ ਅਤੇ ਕੁਰਬਾਨੀਆਂ ਦਿੱਤੀਆਂ। ਉਹ ਮਸਲੇ ਅੱਜ ਵੀ ਮਜ਼ਦੂਰ ਦੀ ਤ੍ਰਸਾਦੀ ਦਾ ਮਜ਼ਾਕ ਉਡਾ ਰਹੇ ਹਨ। ਖ਼ਾਸ ਕਰਕੇ ਵਿਕਾਸਸ਼ੀਲ ਦੇਸ਼ਾਂ ਦੇ ਮਜ਼ਦੂਰਾਂ ਦੀ ਹਾਲਤ ਤਰਸਯੋਗ ਹੈ। ਕਾਰਪੋਰੇਟ ਘਰਾਣਿਆਂ ਦੇ ਚੁੰਗਲ਼ ਫਸੀਆਂ ਸਰਕਾਰਾਂ ਮਜ਼ਦੂਰ ਵਰਗ ਦੀਆਂ ਮੁਸਕਲਾਂ ਨੂੰ ਦਰ ਕਿਨਾਰ ਕਰਕੇ ਆਪਣੇ ਮੁਫ਼ਾਦਾਂ ਦੇ ਲਈ ਸਭ ਕਾਨੂੰਨ ਛਿੱਕੇ ਟੰਗ ਕੇ ਮਜ਼ਦੂਰ ਵਰਗ ਲਤਾੜਣ ਤੇ ਨਪੀੜਨ ਦਾ ਕੰਮ ਕਰ ਰਹੀ ਹੈ। ਅਜਿਹੇ ਵਿੱਚ ਇੱਕ ਮਹਾਨ ਫਿਲਾਸਫ਼ਰ ਦਾ ਕਥਨ ਯਾਦ ਆਉਂਦਾ ਹੈ ਕਿ,"ਐ ਦੁਨੀਆ ਭਰ ਦੇ ਸਾਰੇ ਮਜ਼ਦੂਰੋ ਇੱਕ ਹੋ ਜਾਓ।" ਸੱਚ ਮੁੱਚ ਕਿਰਤੀ ਕਾਮਿਆਂ ਨੂੰ ਆਪਣੇ ਹੱਕਾਂ ਦੇ ਇੱਕ -ਜੁੱਟ ਅਤੇ ਆਪਣੇ ਨਿੱਜੀ ਮੱਤ ਭੇਦ ਮਿਟਾ ਕੇ ਇੱਕ ਝੰਡੇ ਥੱਲੇ ਇਕੱਤਰ ਹੋਣ ਦੀ ਲੋੜ ਹੈ।ਲੋਕ ਲਹਿਰ ਉਸਾਰਨ ਦੀ ਲੋੜ ਹੈ।

## ਮਈ ਦਿਵਸ ਤੇ ਵਿਸ਼ੇਸ਼
### ਆਰਥਿਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਨੇ ਨਿੱਜੀ ਅਦਾਰਿਆਂ ਦੇ ਕਾਮੇ ਵਿੱਚ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਅਜਾਦ ਭਾਰਤ ਵਿੱਚ ਰਹਿੰਦਿਆਂ ਸਾਡੇ ਸਮਾਜ ਦੇ ਤਕਰੀਬਨ ਸਾਰੇ ਹੀ ਸਮਾਜ ਦੇ ਵਰਗਾਂ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਆਰਥਿਕ ਸਹਾਇਤਾਂ ਮਿਲ ਜਾਂਦੀਆਂ ਹਨ। ਸਰਕਾਰੀ ਮੁਲਾਜ਼ਮਾਂ ਨੂੰ ਬੋਨਸ, ਮੰਹਿਗਾਈ ਭੱਤਾ, ਮੈਡੀਕਲ, ਆਦਿ ਕਈ ਸਹੂਲਤਾਂ ਮਿਲ ਜਾਂਦੀਆਂ ਨੇ । ਵੱਡੇ ਵਪਾਰੀਆਂ ਨੂੰ ਕਰਜ਼ੇ ਤੇ ਸਬਸਿਡੀਆਂ,ਲੋਨ ਮੁਆਫ ਆਦਿ ਆਦਿ, ਐਸ ਸੀ ਪਰਿਵਾਰਾਂ ਨੂੰ ,ਬੀਪੀਐਲ ਪਰਿਵਾਰਾਂ ਨੂੰ ਵੀ ਅਨੇਕ ਸਹੂਲਤਾਂ, ਜਿੰਮੀਦਾਰ ਭਰਾਵਾਂ ਨੂੰ ਵੀ ਅਨੇਕਾਂ ਸਹੂਲਤਾਂ।

ਅੱਜ ਮੈ ਗੱਲ ਕਰਾਂਗਾ ਉਹਨਾਂ ਵੀਰਾਂ ਦੀ ਜਿਹੜੇ ਬੇਰੋਜ਼ਗਾਰੀ ਦੇ ਮਾਰੇ ਪੜ ਲਿਖ ਕੇ ਵੀ ਨੋਕਰੀ ਨਾ ਪ੍ਰਾਪਤ ਕਰ ਸਕਣ ਕਰਕੇ ਮਜਬੂਰੀ ਵੱਸ ਆਪਣਾ ਪਰਿਵਾਰ ਦਾ ਗੁਜਾਰਾ ਚਲਾਉਣ ਲਈ ਨਿੱਜੀ ਪ੍ਰਾਈਵੇਟ ਅਦਾਰਿਆਂ ਵਿੱਚ ਪੰਜ ਤੋਂ ਦਸ ਹਜ਼ਾਰ ਮਾਸਿਕ ਤਨਖਾਹ ਤੇ ਗੁਜ਼ਾਰਾ ਕਰ ਰਹੇ ਹਨ। ਇਸ ਵਰਗ ਨੂੰ ਕੋਈ ਗਜਟਿਡ ਛੁੱਟੀ ਨਹੀ ਹੁੰਦੀ ਏਥੋ ਤੱਕ ਕਿ ਹਫਤਾਵਾਰੀ ਐਤਵਾਰ ਛੁੱਟੀ ਵੀ ਨਹੀ ਦਿੱਤੀ ਜਾਦੀ ਇਸ ਦੇ ਉਲਟ ਜਦ ਕੋਈ ਮੁਲਾਜਮ ਛੁੱਟੀ ਮਾਰਦਾ ਹੈ ਤਾਂ ਉਸ ਦੇ ਉਸ ਦਿਨ ਦੀ ਦਿਹਾੜੀ ਕੱਟ ਲੈਂਦੇ ਨੇ। ਇਹਨਾਂ ਪ੍ਰਾਈਵੇਟ ਅਦਾਰਿਆਂ ਦੇ ਮਾਲਿਕਾਂ ਦੇ ਆਪਣੇ ਹੀ ਵੱਖਰੇ ਕਾਨੂੰਨ ਹੁੰਦੇ ਹਨ।ਜਹਿੜੇ ਕਿ ਆਪਣੇ ਪੱਖੀ ਹੀ ਹੁੰਦੇ ਨੇ ਮੁਲਾਜ਼ਮਾਂ ਪੱਖੀ ਕੋਈ ਕਾਨੂੰਨ ਨਹੀ ਹੁੰਦੇ। ਅਗਰ ਕੋਈ ਮੁਲਾਜ਼ਮ ਵਿਰੋਧ ਕਰਦਾ ਹੈ ਤਾਂ ਉਸ ਨੂੰ ਅਦਾਰੇ ਵਿੱਚੋਂ ਹਟਾਉਣ ਦੀਆਂ ਧਮਕੀਆਂ ਦਿੱਤੀਆਂ ਜਾਂਦੀਆਂ ਹਨ ਤੇ ਕਈ ਵਿਚਾਰੇ ਤਾਂ ਆਪਣੀ ਨੌਕਰੀ ਤੋਂ ਹੱਥ ਧੋ ਬੈਠੇ ਨੇ। ਇਸ ਕਰਕੇ ਵਿਚਾਰੇ ਮੁਲਾਜ਼ਮਾਂ ਨੂੰ ਮਜਬੂਰੀ ਨੂੰ ਵੱਸ ਦਸ ਤੋਂ ਬਾਰਾਂ ਘੰਟੇ ਕੰਮ ਕਰਨਾਂ ਪੈਂਦਾ ਹੈ।ਇਸ ਪਾਸੇ ਸਾਡੀਆਂ ਸਰਕਾਰਾਂ ਬਿਲਕੁੱਲ ਧਿਆਂਨ ਨਹੀ ਦੇ ਰਹੀਆਂ ਨਾ ਹੀ ਕਿਰਤ ਵਿਭਾਗ ਚੇਤੰਨ ਹੈ ਉਹ ਵੀ ਇਹਨਾਂ ਅਦਾਰਿਆਂ ਵਿੱਚ ਕੰਮ ਕਰਦੇਂ ਮੁਲਾਜ਼ਮਾਂ ਦੀ ਸਾਰ ਲੈ ਰਹੀ ਨਾਂ ਹੀ ਉਹਨਾਂ ਨੂੰ ਕਿਰਤ ਵਿਭਾਗ ਰਜਿਸਟ੍ਰੇਸ਼ਨ ਹੀ ਕਰਦੀ ਹੈ। ਇਹਨਾਂ ਮੁਲਾਜ਼ਮਾਂ ਦਾ ਕੋਈ ਵੀ ਕਿਰਤ ਵਿਭਾਗ ਕੋਲ ਕੋਈ ਵੀ ਰਿਕਾਰਡ ਹੈ । ਇਹਨਾਂ ਮੁਲਾਜ਼ਮਾਂ ਦਾ ਨਿੱਜੀ ਅਦਾਰਿਆਂ ਵੱਲੋਂ ਮੁਲਾਜ਼ਮਾਂ ਦੇ ਦੁਰਘਟਨਾਗ੍ਰਸਤ ਹੋਣ ਤੇ ਕੋਈ ਸਹੂਲਤ ਨਹੀ ਦਿੱਤੀ ਜਾਂਦੀ ਕੋਈ ਮੈਡੀਕਲ ਬੀਮਾਂ ਨਹੀ ਕਰਵਾਇਆਂ ਜਾਂਦਾ , ਕੋਈ ਈ ਪੀ ਐਫ ਫੰਡ ਹੀ ਕੱਟਿਆ ਜਾਂਦਾ ਹੈ । ਇਸ ਕਰਕੇ ਇਹ ਵਰਗ ਸਭ ਤੋਂ ਦੁੱਖੀ ਵਰਗ ਹੈ । ਉਹ ਆਪਣੇ ਦੁੱਖ ਵੀ ਕਿਸੇ ਅੱਗੇ ਨਹੀ ਰੋਂਦੇ ।ਕਿਉਕਿ ਉਹਨਾਂ ਦੀ ਕੋਈ ਵੀ ਸਰਕਾਰ ਦਾਸਤਾਨ ਸੁਣਨ ਲਈ ਅੱਗੇ ਆਉਂਦੀ ਹੈ। ਕਈ ਵਾਰ ਤਾਂ ਇਹਨਾਂ ਦੇ ਹਾਲਾਤ ਦੇਖ ਕੇ ਲੱਗਦਾ ਹੈ ਕਿ ਉਹ ਭਾਰਤ ਵਿੱਚ ਨਹੀ ਕਿਸੇ ਹੋਰ ਗ਼ੁਲਾਮ ਦੇਸ ਵਿੱਚ ਰਿਹ ਰਹੇ ਹਨ । ਜਦ ਸਾਰਾ ਦੇਸ ਮਜ਼ਦੂਰ ਦਿਵਸ਼,ਅਜਾਦੀ ਦਿਵਸ਼ ਮਨਾ ਰਹੇ ਹੁੰਦੇ ਨੇ ਤਾਂ ਇਹ ਵਿਚਾਰੇ ਇਹਨਾਂ ਇਤਿਹਾਸਕ ਦਿਨਾਂ ਤੋਂ ਬੇਖ਼ਬਰ ਮੋਲੇ ਬਲਦ ਵਾਂਗੂੰ ਪੰਜਾਲੀ ਹੇਠ ਸਿਰ ਦੇਖ ਕੰਮ ਕਰ ਰਹੇ ਹੁੰਦੇ ਹਨ। ਸੋ, ਸਰਕਾਰ ਦਾ ਫਰਜ਼ ਬਣਦਾ ਹੈ ਕਿ ਇਹਨਾਂ ਪ੍ਰਾਈਵੇਟ ਅਦਾਰਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਚਾਹੇ ਉਹ ਹਸਪਤਾਲ,ਸਕੂਲ, ਵਰਕਸ਼ਾਪ, ਦੁਕਾਨਾਂ ਹੋਣ ਉਹਨਾਂ ਦੀ ਕਿਰਤ ਵਿਭਾਗ ਵੱਲੋਂ ਰਜਿਸਟ੍ਰੇਸ਼ਨ ਜਰੂਰੀ ਹੋਵੇ । ਮੁਲਾਜ਼ਮਾਂ ਨੂੰ ਪੂਰੀ ਤਨਖਾਹਾਂ ਜੋ ਕਿ ਪੰਜਾਬ ਸਰਕਾਰ ਨਿਰਧਾਰਤ ਕਰਦੀ ਹੈ । ਉਹਨਾਂ ਨੂੰ ਉਸ ਹਿਸਾਬ ਨਾਲ ਤਨਖਾਹਾਂ ਦਿਵਾਉਣੀਆ ਯਕੀਨੀ ਬਣਾਈਆ ਜਾਣ ਹਫ਼ਤਾਵਾਰੀ ਛੁੱਟੀ ਅਤੇ ਹੋਰ ਸਰਕਾਰੀ ਛੁੱਟੀਆਂ ਮਜ਼ਦੂਰਾਂ ਨੂੰ ਦੇਣੀਆ ਹਰ ਅਦਾਰੇ ਵਿੱਚ ਯਕੀਨਨ ਬਣਾਈ ਜਾਵੇ।

## ਮਜ਼ਦੂਰ ਦਿਵਸ




ਵਰਲਡ ਪੰਜਾਬੀ ਟਾਈਮਜ਼
ਸਰਬਜੀਤ ਸਿੰਘ ਜਰਮਨੀ

ਪੰਜਾਬ ਵਿੱਚ ਪੰਜਾਬੀ ਮਜ਼ਦੂਰਾਂ ਦੀ ਦਿਨੋ ਦਿਨ ਘੱਟ ਰਹੀ ਗਿਣਤੀ ਪੰਜਾਬ ਦੇ ਵਿਕਾਸ ਲਈ ਅੱਜ ਸਭ ਤੋਂ ਵੱਡਾ ਤੇ ਅਹਿਮ ਚਿੰਤਾ ਦਾ ਵਿਸ਼ਾ ਬਣ ਚੁੱਕੀ ਹੈ। ਇਹ ਹੈ ਇੱਕ ਅਸਲ ਮਜ਼ਦੂਰ ਦੀ ਕੀਮਤ ਜੋ ਦੇਸ਼ ਦੇ ਸਮੁੱਚੇ ਢਾਂਚੇ ਨੂੰ ਹਿਲਾਉਣ ਤੇ ਤਬਾਹ ਕਰਨ ਦੀ ਤਾਕਤ ਰੱਖਦੀ ਹੈ।

ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਨਾ ਰਹੇ ਸਾਰੇ ਕਿਰਤੀ, ਕਾਮਿਆਂ , ਮਜ਼ਦੂਰਾਂ ਨੂੰ ਬਹੁਤ ਬਹੁਤ ਮੁਬਾਰਕਾਂ ਪ੍ਰਵਾਨ ਹੋਵਣ ਜੀ।
ਵਾਹਿਗੁਰੂ ਅੱਗੇ ਅਰਦਾਸ ਵੀ ਕਰਦੀ ਹਾਂ ਕਿ ਦੁਨੀਆ ਵਿੱਚ ਹਰ ਮਜ਼ਦੂਰ ਨੂੰ ਉਸ ਦੀ ਕੀਤੀ ਹੋਈ ਨੇਕ ਕਮਾਈ, ਮਿਹਨਤ ਦੇ ਹੱਕ ਦੀ ਬਣਦੀ ਮਜ਼ਦੂਰੀ ਜ਼ਰੂਰ ਮਿਲੇ, ਹਰ ਮਜ਼ਦੂਰ ਨੂੰ ਮਾਲਕ ਤੰਦਰੁਸਤੀ ਤੇ ਇਮਾਨਦਾਰੀ ਨਾਲ ਮਜ਼ਦੂਰੀ ਕਰਨ ਦੀ ਸਰੀਰਕ ਤੇ ਮਾਨਸਿਕ ਤਾਕਤ ਜ਼ਰੂਰ ਦੇਵੇ।

ਮਜ਼ਦੂਰ ਸਮਾਜ ਵਿੱਚ ਸਭ ਤੋਂ ਮਹੱਤਵਪੂਰਨ ਹੁੰਦਾ ਹੈ ਜੋ ਸਮਾਜ ਦੇ ਵਿਕਾਸ ਅਤੇ ਤਰੱਕੀ ਵਿੱਚ ਮਹੱਤਵਪੂਰਨ ਯੋਗਦਾਨ ਦਿੰਦਾ ਹੈ। ਮਜ਼ਦੂਰ ਵਰਗ ਸਮਾਜ ਦਾ ਢਿੱਡ ਭਰਨ ਲਈ ਮੁੱਖ ਭੂਮਿਕਾ ਨਿਭਾਉਂਦੇ ਹਨ। ਉਹ ਨਾਲ ਹੀ ਵੱਖ ਵੱਖ ਖੇਤਰਾਂ ਵਿੱਚ ਕੰਮ ਕਰਦੇ ਹਨ ਜਿਵੇਂ ਕਿ ਕਿਸਾਨ, ਸੰਗਠਨਾਂ, ਉਦਯੋਗਿਕ, ਸਿੱਖਿਆ ਪ੍ਰਨਾਲ਼ੀ, ਹਸਪਤਾਲ, ਤਕਨੀਕੀ ਖੇਤਰ, ਕਲਾ ਅਤੇ ਸਾਹਿਤਕ ਖੇਤਰ, ਵਣਜ ਅਤੇ ਵਿਤੀਅਕ ਖੇਤਰ, ਸਾਮਾਜਿਕ ਅਤੇ ਸੰਸਥਾਈ ਖੇਤਰ ਆਦਿ ਸ਼ਾਮਲ ਹਨ।

ਭਾਵੇਂ ਕਿ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਨੂੰ ਮਨਾਉਣ ਦੀ ਸ਼ੁਰੂਆਤ 1 ਮਈ 1886 ਨੂੰ ਅਮਰੀਕਾ ਤੋਂ ਹੋਈ ਸੀ ਪਰ ਅੱਜ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਲਗਭਗ ਦੁਨੀਆ ਭਰ ਵਿੱਚ ਮਨਾਇਆ ਜਾਂਦਾ ਹੈ। ਅੰਤਰਰਾਸ਼ਟਰੀ ਮਜ਼ਦੂਰ ਦਿਵਸ ਵਾਲੇ ਦਿਨ ਲਗਭਗ ਸਾਰੇ ਸਰਕਾਰੀ ਤੇ ਪ੍ਰਾਈਵੇਟ ਅਦਾਰਿਆਂ ਵਿਚ ਛੁੱਟੀ ਹੁੰਦੀ ਹੈ।

ਅੱਜ ਮਜ਼ਦੂਰ ਦਾ ਭਾਵ ਕੇਵਲ ਆਮ ਮਜ਼ਦੂਰੀ ਕਰਨ ਵਾਲੇ ਜਿਵੇਂ ਰਾਜ ਮਿਸਤਰੀ,ਇੱਟਾਂ , ਰੇਤ, ਬਜਰੀ ਚੁੱਕਣ ਜਾਂ ਭੱਠੇ ਤੇ ਇੱਟਾਂ ਪੱਥਣ ਵਾਲੇ ਮਜ਼ਦੂਰਾਂ ਤੋਂ ਹੀ ਨਹੀਂ ਸਗੋਂ ਹਰ ਕਿਸੇ ਤਰਾਂ ਦੀ ਕਿਰਤ ਕਰਨ ਵਾਲਾ ਆਮ ਜਾਂ ਖਾਸ ਇਨਸਾਨ ਮਜ਼ਦੂਰ ਅਖਵਾਉਂਦਾ ਹੈ ਭਾਵੇਂ ਇੱਕ ਇਨਸਾਨ ਘਰ ਤੋਂ ਕੰਮ ਲਈ ਦਾਤ, ਆਰੀ, ਪਲਾਸ, ਪੇਚਕਸ, ਟੂਲਬਾਕਸ ਲੈ ਕੇ ਨਿਕਲਦਾ ਹੈ, ਭਾਵੇਂ ਕੋਈ ਦਫ਼ਤਰ ਲਈ ਲੈਪਟੌਪ ਲੈ ਕੇ ਨਿਕਲਦਾ ਹੈ, ਭਾਵੇਂ ਡਾਕਟਰ ਹੋਵੇ, ਭਾਵੇਂ ਕਲਰਕ, ਐਸ ਐਸ ਪੀ, ਡੀ ਸੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਫੌਜੀ ਜਾਂ ਕੋਈ ਵੀ ਕਿਰਤੀ ਹੋਵੇ , ਹੈ ਤਾਂ ਸਭ ਮਜ਼ਦੂਰ , ਸਭ ਆਪਣੀ ਆਪਣੀ ਕਿਰਤ ਕਰ ਰਹੇ ਹਨ ਤੇ ਦੇਸ਼, ਸਮਾਜ ਨੂੰ ਚਲਾਉਣ ਵਿੱਚ ਹਿੱਸਾ ਪਾਉਂਦੇ ਹਨ।

ਅੱਜ ਜ਼ਮਾਨਾ ਭਾਵੇਂ ਮਸ਼ੀਨਰੀ ਤੇ ਨੈਟਵਕਰਕ ਦਾ ਆ ਚੁੱਕਾ ਹੈ, ਸਭ ਪਾਸੇ ਔਨਲਾਈਨ ਦਾ ਬੋਲਬਾਲਾ ਹੈ ਪਰ ਮਸ਼ੀਨਰੀ ਤੇ ਔਨਲਾਈਨ ਇਹ ਸਭ ਵੀ ਇੱਕ ਮਜ਼ਦੂਰ ਦੁਆਰਾ ਬਣਾਏ ਤੇ ਚਲਾਏ ਜਾਂਦੇ ਹਨ। ਜ਼ਮਾਨਾ ਕਿੰਨਾ ਵੀ ਆਧੁਨਿਕ ਹੋ ਜਾਵੇ ਹਰ ਸਮੇਂ ਮਜ਼ਦੂਰਾਂ ਦੀ ਲੋੜ ਰਹੇਗੀ । ਕਿੱਤਾ ਕੋਈ ਵੀ ਹੋਵੇ , ਹਰ ਕਿੱਤੇ ਨੂੰ ਮਜ਼ਦੂਰਾਂ ਦੁਆਰਾ ਚਲਾਇਆ ਤੇ ਕਾਮਯਾਬ ਕੀਤਾ ਜਾਂਦਾ ਰਹੇਗਾ।

ਕਿਸੇ ਫੈਕਟਰੀ ਵਿੱਚ ਕੰਮ ਕਰਨ ਵਾਲੇ ਲੋਕ ਮਜ਼ਦੂਰ ਹੁੰਦੇ ਹਨ ਤੇ ਉਸੇ ਫੈਕਟਰੀ ਦਾ ਮਾਲਕ ਵੀ ਮਜ਼ਦੂਰ ਹੀ ਹੁੰਦਾ ਹੈ ਕਿਉਂਕਿ ਕੰਮ ਲੈਣ ਵਾਲੇ ਲੋਕ ਇੱਕ ਦਿਨ ਵਿੱਚ ਸਿਰਫ ਮਿੱਥੇ ਸਮੇਂ ਭਾਵ ਕੁਝ ਸੀਮਿਤ ਘੰਟੇ ਹੀ ਕੰਮ ਕਰਦੇ ਹਨ ਪਰ ਉਸ ਫੈਕਟਰੀ ਦਾ ਮਾਲਕ ਅਣਮਿੱਥੇ ਸਮੇਂ ਲਈ ਕੰਮ ਕਰਦਾ ਰਹਿੰਦਾ ਹੈ।

ਅੱਜ ਮਜ਼ਦੂਰੀ ਦੇ ਅਰਥ ਬਦਲ ਚੁੱਕੇ ਹਨ ਤੇ ਹਰ ਮਜ਼ਦੂਰ ਦੀ ਕਦਰ ਹੈ । ਪੁਰਾਣੇ ਸਮੇਂ ਵਾਂਗ ਮਾਲਕ ਦੀ ਤਾਨਾਸ਼ਾਹੀ ਨਹੀਂ ਚੱਲਦੀ , ਮਾਲਕ ਦੀ ਤਾਨਾਸ਼ਾਹੀ ਤੋਂ ਬਚਣ ਲਈ ਲਗਭਗ ਹਰ ਪਾਸੇ ਮਜ਼ਦੂਰ ਯੂਨੀਅਨ ਦਾ ਬੋਲਬਾਲਾ ਹੈ ਜੋ ਮਾਲਕ ਦੇ ਤਾਨਾਸ਼ਾਹ ਵਤੀਰੇ ਤੋਂ ਮਜ਼ਦੂਰਾਂ ਨੂੰ ਬਚਾਉਣ ਵਿੱਚ ਸਹਾਇਤਾ ਕਰਦੀ ਹੈ।

ਇੱਕ ਵਾਰ ਫੇਰ ਸਭਨਾਂ ਨੂੰ ਮਜ਼ਦੂਰ ਦਿਵਸ ਦੀਆਂ ਲੱਖ ਲੱਖ ਮੁਬਾਰਕਾਂ ਹੋਵਣ ਜੀ।

ਕਿਰਤੀ ਤੇ ਕਾਮਾ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਢਿੱਡ ਪਾਲਣ ਲਈ ਮਜਬੂਰ ਹਾਂ ਮੈਂ
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਕਦੇ ਕਦੇ ਇਨਸਾਨੀਅਤ ਤੋਂ ਕੋਹਾਂ ਦੂਰ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਆਮ ਨਹੀਂ ਸਗੋਂ ਬਹੁਤ ਖ਼ਾਸ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਚਪੜਾਸੀ ਤੋਂ ਪ੍ਰਿੰਸੀਪਲ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਹਰ ਇੱਕ ਦਾ ਕਾਰਡ ਅਧਾਰ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਧਰਤੀ ਤੋਂ ਅਸਮਾਨ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਮੂਲ ਤੇ ਵਿਆਜ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਹਰ ਰਮਜ਼ ਦੀ ਦਵਾ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਹਰ ਘਰ ਲਈ ਖੁਸ਼ੀ ਤੇ ਖੇੜਾ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਸਬਰ ਤੇ ਸੰਤੋਖ ਦਾ ਰਾਜ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਖੇਤਾਂ ਦੀ ਭੌਂਈਂ ਤੋਂ ਮੂੰਹ ਦਾ ਨਿਵਾਲਾ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਚੜ੍ਹਦੇ ਸੂਰਜ ਦੀ ਨਿੱਘੀ ਕਿਰਨ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਇਬਾਦਤ ਤੋਂ ਦਸਮ ਦੁਆਰ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਦੇਸ ਤੋਂ ਹੋਈ ਪ੍ਰਦੇਸ਼ ਹਾਂ ਮੈਂ,
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।
ਕਿਉਂਕਿ ਇੱਕ ਮਜ਼ਦੂਰ ਹਾਂ ਮੈਂ।